ਵਿਸ਼ਾ – ਪੰਜਾਬੀ ਇਲੈੱਕਟਿਵ ਜਮਾਤ- ਬਾਰ੍ਹਵੀਂ

## ਗੁਰੂ ਨਾਨਕ ਦੇਵ ਜੀ ( ਵਸਤੂਨਿਸ਼ਠ ਪ੍ਰਸ਼ਨ )

ਪ੍ਰਸ਼ਨ – ਗੁਰੂ ਨਾਨਕ ਦੇਵ ਜੀ ਸਿੱਖਾਂ ਦੇ ਕਿੰਨਵੇਂ ਗੁਰੂ ਸਨ ?

ਉੱਤਰ -ਪਹਿਲੇ ।

ਪ੍ਰਸ਼ਨ – ਗੁਰੂ ਨਾਨਕ ਦੇਵ ਜੀ ਦਾ ਜਨਮ ਕਦੋਂ ਹੋਇਆ ?

ਉੱਤਰ – 1469 ਈ: ।

ਪ੍ਰਸ਼ਨ – ਗੁਰੂ ਨਾਨਕ ਦੇਵ ਜੀ ਨੇ ਕਿੰਨੇ ਰਾਗਾਂ ਵਿੱਚ ਬਾਣੀ ਰਚੀ ?

ਉੱਤਰ – 19.

ਪ੍ਰਸ਼ਨ – ਗੁਰੂ ਨਾਨਕ ਦੇਵ ਜੀ ਦੀ ਹਰਮਨ-ਪਿਆਰੀ ਬਾਣੀ ਕਿਹੜੀ ਹੈ ?

ਉੱਤਰ – ਜਪੁਜੀ ਸਾਹਿਬ ।

ਪ੍ਰਸ਼ਨ – ਗੁਰੂ ਨਾਨਕ ਦੇਵ ਜੀ ਕਿਸ ਕਾਵਿ ਧਾਰਾ ਦੇ ਕਵੀ ਹਨ ?

ਉੱਤਰ – ਗੁਰਮਤਿ ਕਾਵਿ ਧਾਰਾ ।

ਪ੍ਰਸ਼ਨ -ਪਵਣੁ ਗੁਰੂ ਪਾਣੀ ਪਿਤਾ ਕਿਸ ਗੁਰੂ ਦੀ ਰਚਨਾ ਹੈ ?

ਉੱਤਰ – ਗੁਰੂ ਨਾਨਕ ਦੇਵ ਜੀ ।

ਪ੍ਰਸ਼ਨ – ਪਵਣੁ ਗੁਰੁ ਪਾਣੀ ਪਿਤਾ ਕਿਹੜਾ ਕਾਵਿ ਰੂਪ ਹੈ ?

ਉੱਤਰ – ਸਲੋਕ ।

ਪ੍ਰਸ਼ਨ – ਗੁਰੂ ਜ਼ੀ ਅਨੁਸਾਰ ਸਭ ਜੀਵਾਂ ਦਾ ਪਿਤਾ ਕੌਣ ਹੈ ?

ਉੱਤਰ – ਪਾਣੀ ।

ਪ੍ਰਸ਼ਨ – ਸਭ ਜੀਵਾਂ ਦੀ ਵੱਡੀ ਮਾਤਾ ਕੌਣ ਹੈ ?

ਉੱਤਰ – ਧਰਤੀ ।

ਪ੍ਰਸ਼ਨ – ਗੁਰੂ ਜ਼ੀ ਅਨੁਸਾਰ ਜੀਵਾਂ ਦਾ ਖਿਡਾਵਾ ਤੇ ਖਿਡਾਵੀ ਕੌਣ ਹੈ ?

ਉੱਤਰ – ਦਿਨ ਤੇ ਰਾਤ ।

ਪ੍ਰਸ਼ਨ – ਕਿਸ ਅਧਾਰ ਤੇ ਜੀਵ ਅਕਾਲ- ਪੁਰਖ਼ ਦੇ ਨੇੜੇ ਤੇ ਦੂਰ ਹੁੰਦੇ ਹਨ ?

ਉੱਤਰ – ਆਪਣੇ ਕਰਮਾਂ ਦੇ ਅਧਾਰ ਤੇ ।

ਪ੍ਰਸ਼ਨ – ਕਿਹੜੇ ਜੀਵ ਆਪਣੀ ਮਿਹਨਤ ਸਫ਼ਲ ਕਰ ਰਹੇ ਹਨ ?

ਉੱਤਰ – ਨਾਮ ਸਿਮਰਨ ਵਾਲੇ ।

ਪ੍ਰਸ਼ਨ – ਫਕੜ ਸ਼ਬਦ ਤੋਂ ਕੀ ਭਾਵ ਹੈ ?

ਉੱਤਰ – ਵਿਅਰਥ ।

ਪ੍ਰਸ਼ਨ – ਗੁਰੂ ਜ਼ੀ ਅਨੁਸਾਰ ਸਾਰੇ ਜੀਵਾਂ ਦੀ ਨੁਹਾਰ ਕਿਹੋ ਜਿਹੀ ਹੈ ?

ਉੱਤਰ – ਇੱਕੋ ਜਿਹੀ ।

ਪ੍ਰਸ਼ਨ – ਕਿਸ ਲਈ ਪਰਾਇਆ ਹੱਕ ਖਾਣਾ ਸੂਰ ਖਾਣ ਦੇ ਬਰਾਬਰ ਹੈ ?

ਉੱਤਰ – ਮੁਸਲਮਾਨ ਲਈ ।

ਪ੍ਰਸ਼ਨ – ਗੁਰੂ ਜੀ ਨੇ ਮੁਰਦਾਰ ਖਾਣਾ ਕਿਸ ਨੂੰ ਕਿਹਾ ਹੈ ?

ਉੱਤਰ – ਪਰਾਏ ਹੱਕ ਨੂੰ ।

ਪ੍ਰਸ਼ਨ – ਮਨੁੱਖ ਕਿਸ ਤਰਾਂ ਬਹਿਸ਼ਤ ਵਿੱਚ ਨਹੀਂ ਪਹੁੰਚ ਸਕਦਾ ?

ਉੱਤਰ – ਗੱਲਾਂ ਨਾਲ ।

ਪ੍ਰਸ਼ਨ – ਝੂਠੀਆਂ ਗੱਲਾਂ ਕਰਨ ਨਾਲ ਕੀ ਪ੍ਰਾਪਤ ਹੁੰਦਾ ਹੈ ?

ਉੱਤਰ – ਕੂੜ ।

ਪ੍ਰਸ਼ਨ – ਗੁਰੂ ਜੀ ਅਨੁਸਾਰ ਸਵੇਰ ਦੀ ਪਹਿਲੀ ਨਿਮਾਜ਼ ਕਿਹੜੀ ਹੈ ?

ਉੱਤਰ – ਸੱਚ ਬੋਲਣਾ ।

ਪ੍ਰਸ਼ਨ – ਗੁਰੂ ਜੀ ਅਨੁਸਾਰ ਦੂਜੀ ਨਿਮਾਜ਼ ਕਿਹੜੀ ਹੈ ?

ਉੱਤਰ – ਹੱਕ ਦੀ ਕਮਾਈ ਖਾਣਾ ।

ਪ੍ਰਸ਼ਨ – ਗੁਰੂ ਜੀ ਅਨੁਸਾਰ ਪੰਜਵੀਂ ਨਿਮਾਜ਼ ਕਿਹੜੀ ਹੈ ?

ਉੱਤਰ – ਰੱਬ ਦੀ ਸਿਫ਼ਤ-ਸਾਲਾਹ ਕਰਨੀ ।

ਪ੍ਰਸ਼ਨ – ਗੁਰੂ ਜੀ ਅਨੁਸਾਰ ਦੱਸੀਆਂ ਨਿਮਾਜਾਂ ਨੂੰ ਨਾ ਪੜ੍ਹਨ ਵਾਲੇ ਕੀ ਹਨ ?

ਉੱਤਰ – ਕੂੜ ਤੇ ਵਪਾਰੀ ।

ਪ੍ਰਸ਼ਨ – ਗੁਰੂ ਜੀ ਅਨੁਸਾਰ ਸਮਕਾਲੀ ਹਾਲਤ ਵਿੱਚ ਰਾਜਾ ਕੌਣ ਹੈ ?

ਉੱਤਰ – ਲੋਭ / ਜੀਭ ਦਾ ਚਸ਼ਕਾ ।

ਪ੍ਰਸ਼ਨ – ਲੋਭ ਅਤੇ ਪਾਪ ਦੇ ਦਰਬਾਰ ਵਿੱਚ ਨਾਇਬ ਕੌਣ ਹੈ ?

ਉੱਤਰ – ਕਾਮ ।

ਪ੍ਰਸ਼ਨ – ਗੁਰੂ ਜੀ ਅਨੁਸਾਰ ਧਰਮ ਕਰਨ ਵਾਲੇ ਕੀ ਮੰਗਦੇ ਹਨ ?

ਉੱਤਰ – ਮੁਕਤੀ ਦਾ ਦੁਆਰ ।

ਪ੍ਰਸ਼ਨ – ਗੁਰੂ ਜੀ ਅਨੁਸਾਰ ਸੁਖ ਜੀਵਾਂ ਲਈ ਕੀ ਬਣ ਜਾਂਦਾ ਹੈ ?

ਉੱਤਰ – ਦੁੱਖ ।

ਪ੍ਰਸ਼ਨ – ਗੁਰੂ ਜੀ ਨੇ ਦੁੱਖ ਦਾ ਕਾਰਣ ਕੀ ਦੱਸਿਆ ਹੈ ?

ਉੱਤਰ – ਸੁਖ ।

ਪ੍ਰਸ਼ਨ - ਸਾਰੀ ਸ੍ਰਿਸ਼ਟੀ ਵਿੱਚ ਕਿਸ ਦਾ ਨੂਰ ਵਸ ਰਿਹਾ ਹੈ ?

ਉੱਤਰ - ਪਰਮਾਤਮਾ ਦਾ ।

ਪ੍ਰਸ਼ਨ - ਤੀਰਥਾਂ ਜਾ ਕੇ ਨਹਾਉਣ ਨਾਲ ਮਨ ਖੋਟਾ ਕਿਵੇਂ ਹੋ ਜਾਂਦਾ ਹੈ ?

ਉੱਤਰ - ਹੰਕਾਰ ਨਾਲ ।

ਪ੍ਰਸ਼ਨ - ਤੁੰਮੀ ਦੇ ਅੰਦਰ ਕੀ ਟਿਕਿਆ ਰਹਿੰਦਾ ਹੈ ?

ਉੱਤਰ -ਕੁੜੱਤਣ ।

ਪ੍ਰਸ਼ਨ - ਮਾਘ ਦੇ ਮਹੀਨੇ ਲੋਕ ਕਿੱਥੇ ਇਸ਼ਨਾਨ ਕਰਨ ਜਾਂਦੇ ਹਨ ?

ਉੱਤਰ - ਤੀਰਥਾਂ ਉੱਤੇ ।

ਪ੍ਰਸ਼ਨ - 'ਮਾਘਿ ਪੁਨੀਤ ਭਈ'ਸ਼ਬਦ ਕਿਸ ਬਾਣੀ ਵਿੱਚੋਂ ਲਿਆ ਗਿਆ ਹੈ?

ਉੱਤਰ - ਬਾਰਾਮਾਹ ਰਾਗ ਤੁਖਾਰੀ ।

ਪ੍ਰਸ਼ਨ - "ਹਕੁ ਪਰਾਇਆ ਨਾਨਕਾ" ਰਚਨਾ ਕਿਸ ਗੁਰੂ ਦੀ ਹੈ ?

ਉੱਤਰ - ਗੁਰੂ ਨਾਨਕ ਦੇਵ ਜੀ ।

ਪ੍ਰਸ਼ਨ - ਗੁਰੂ ਨਾਨਕ ਦੇਵ ਜੀ ਕਦੋਂ ਜੋਤੀ-ਜੋਤ ਸਮਾਏ ?

ਉੱਤਰ - 1539 ਈਸਵੀ ।

ਪ੍ਰਸ਼ਨ - ਗੁਰੂ ਨਾਨਕ ਦੇਵ ਜੀ ਦੀਆਂ ਮੁੱਖ ਰਚਨਾਵਾਂ ਦੇ ਨਾਂ ਦੱਸੋ ।

ਉੱਤਰ - ਪਵਣੁ ਗੁਰੂ ਪਾਣੀ ਪਿਤਾ, ਫਕੜੁ ਜਾਤ ਫਕੜੁ ਨਾਉ, ਹਕੁ ਪਰਾਇਆ ਨਾਨਕਾ, ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ, ਦੁਖ ਦਾਰੂ ਸੁਖ ਰੋਗੁ ਭਇਆ, ਨਾਵਣ ਚਲੇ ਤੀਰਥੀ, ਮਾਘਿ ਪੁਨੀਤ ਭਈ ।




ਤਿਆਰ ਕਰਤਾ –
ਰਾਮਕੁਮਾਰ ਵਰਮਾ ( ਪੰਜਾਬੀ ਮਾਸਟਰ )
ਮੋਬਾਇਲ – 75087-27529
ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ, ਪੰ. ਰਣ ਸਿੰਘ ।